# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| **ਟੈਲੀਫੋਨ** | **ਫੈਕਸ** | **ਈ-ਮੇਲ** |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏਆਈਈ/ਓਓਐਸਸੀ/2010-11/**49921-49940**
ਮਿੱਤੀ ਚੰਡੀਗੜ੍ਹ: **04/08/10**

**ਵਿਸ਼ਾ:- ਏਆਈਈ ਕੇਂਦਰਾਂ ਦੇ ਵਲੰਟੀਅਰਾਂ ਦੇ ਮਾਣਭਾਤੇ ਵਿਚ ਵਾਧੇ ਅਤੇ ਵਿੱਦਿਅਕ ਯੋਗਤਾ ਨਿਸ਼ਚਿਤ ਕਰਨ ਬਾਰੇ।**

**ਹਵਾਲਾ:-** ਇਸ ਦਫ਼ਤਰ ਵਲੋਂ ਜਾਰੀ ਹੋਏ ਪੂਰਵ ਪੱਤਰ ਨੰ: ਸਸਅ/ਡਿ.ਐਸ.ਪੀ.ਡੀ(ਕੇ)/ਓ.ਓ.ਐਸ.ਸੀ/ 2010-11/ **31430-31449** ਮਿੱਤੀ ਚੰਡੀਗੜ੍ਹ: **1-04-2010** ਦੀ ਲਗਾਤਾਰਤਾ ਵਿਚ।

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਮਿਤੀ 21-07-10 ਨੂੰ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੋਰਾਨ ਏ.ਆਈ.ਈ ਕੇਂਦਰਾਂ ਵਿਚ ਨਿੱਯੁਕਤ ਕੀਤੇ ਜਾਂਦੇ ਵੰਲਟੀਅਰਾਂ ਦੇ ਮਾਣਭੱਤੇ ਅਤੇ ਇਹਨਾ ਵੰਲਟੀਅਰਾਂ ਦੀ ਵਿੱਦਿਅਕ ਯੋਗਤਾ ਨਿਸ਼ਚਿਤ ਕਰਨ ਬਾਰੇ ਚਰਚਾ ਕੀਤੀ ਗਈ।

**3.0** ਇਸ ਚਰਚਾ ਦੌਰਾਨ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵਲੋਂ ਸੁਝਾਅ ਦਿੱਤਾ ਗਿਆ ਕਿ ਨਿਯੁੱਕਤ ਕੀਤੇ ਵੰਲਟੀਅਰ ਦਾ ਘਟੋ-ਘੱਟ ਮਾਣਭੱਤਾ 1500/- ਰੁਪਏ ਨਿਸ਼ਚਿਤ ਕੀਤਾ ਜਾਵੇ ਅਤੇ ਹਰੇਕ ਵਲੰਟੀਅਰ ਦੀ ਘੱਟੋ-ਘੱਟ ਵਿੱਦਿਅਕ ਯੋਗਤਾ 10+2 + ਈਟੀਟੀ ਨਿਸ਼ਚਿਤ ਕੀਤੀ ਜਾਵੇ ਜਿਸਨੂੰ ਕਿ ਪਹਿਲ ਦੇ ਤੌਰ ਤੇ ਤਰਜੀਹ ਦਿੱਤੀ ਜਾਵੇ।

**4.0** ਆਪ ਨੂੰ ਲਿੱਖਿਆ ਜਾਂਦਾ ਹੈ ਕਿ ਮੀਟਿੰਗ ਦੌਰਾਨ ਹੋਈ ਚਰਚਾ ਅਨੁਸਾਰ ਹੇਠ ਅਨੁਸਾਰ ਫੈਸਲੇ ਲਏ ਗਏ ਹਨ:-

**I.** ਉਪਰੋਕਤ ਹਵਾਲਾ ਅਧੀਨ ਪੱਤਰ ਦੇ point no. II. ਦੇ ਪੈਰਾ ਨੰ: 2) ਵਿਚ ਬਦਲਾਵ ਕਰਦੇ ਹੋਏ ਦੱਸਿਆ ਜਾਂਦਾ ਹੈ ਕਿ 5-10 ਬੱਚਿਆਂ ਦੀ ਗਿਣਤੀ ਵਾਲੇ ਕੇਂਦਰਾਂ ਦੇ ਵਲੰਟੀਅਰਾਂ ਨੂੰ ਮਾਨਭੱਤਾ 1000/- ਰੁਪਏ ਤੋਂ ਵੱਧਾ ਕੇ 1500/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦਿੱਤਾ ਜਾਵੇ। 10 ਤੋਂ ਵੱਧ ਦਾਖਲ ਕੀਤੇ ਬੱਚਿਆਂ ਵਾਸਤੇ ਵਲੰਟੀਅਰ ਨੂੰ ਵਾਧੂ ਮਾਨਭੱਤਾ 100/- ਰੁਪਏ ਪ੍ਰਤੀ ਬੱਚਾ ਪ੍ਰਤੀ ਮਹੀਨਾ ਦੀ ਦਰ ਤੇ ਦਿੱਤਾ ਜਾਵੇ। ਇਹ ਮਾਨਭੱਤਾ ਹਰ ਸੂਰਤ ਵਿਚ ਵੱਧ ਤੋਂ ਵੱਧ 4000/- ਰੁਪਏ ਪ੍ਰਤੀ ਮਹੀਨਾ ਤੱਕ ਹੀ ਰੱਖਿਆ ਜਾਵੇ ਅਤੇ ਹਰੇਕ ਕੇਂਦਰ ਵਿਚ ਵੱਧ ਤੋਂ 35 ਬੱਚੇ ਹੀ ਦਾਖਲ ਕੀਤੇ ਜਾਣ।

**II.** ਇਹ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਜਿਸ ਕੇਂਦਰ ਵਿਚ 10 ਤੋਂ ਵੱਧ ਬੱਚੇ ਦਾਖਲ ਕੀਤੇ ਜਾਂਦੇ ਹਨ, ਉਸ ਕੇਂਦਰ ਵਿਚ ਨਿਯੁਕਤ ਕੀਤੇ ਵੰਲਟੀਅਰ ਦੇ ਬਣਦੇ ਮਾਣਭਤੇ ਦਾ 25% ਰਾਖਵਾਂ ਰੱਖ ਲਿਆ ਜਾਵੇ। ਇਹ 25% ਰਾਖਵਾਂ ਮਾਣਭੱਤਾ ਵੰਲਟੀਅਰ ਨੂੰ ਸੈਸ਼ਨ ਦੇ ਅੰਤ ਵਿਚ ਉਦੋਂ ਦਿੱਤਾ ਜਾਵੇਗਾ ਜਦੋਂ ਕਿ ਸੰਬੰਧਤ ਵਲੰਟੀਅਰ ਵਲੋਂ ਆਪਣੇ ਕੇਂਦਰ ਦੇ ਸਮੂਹ ਬੱਚਿਆਂ ਨੂੰ ਨੇੜੇ ਲਗਦੇ ਸਕੂਲ ਵਿਚ ਮੇਨਸਟਰੀਮ ਕਰਵਾ ਦਿੱਤਾ ਜਾਵੇਗਾ। ਇਹਨਾ ਮੇਨਸਟਰੀਮ ਹੋਏ ਬੱਚਿਆਂ ਦਾ ਭੌਤਿਕ ਨਿਰੀਖਣ ਕਰਨਾ ਸੰਬੰਧਤ ਬੀ.ਆਰ.ਪੀ(ਏ.ਆਈ.ਈ) ਵਲੋਂ ਜਰੂਰੀ ਹੋਵੇਗਾ ਅਤੇ ਨਿਰੀਖਣ ਰਿਪੋਰਟ ਦੇ ਅਧਾਰ ਦੇ ਹੀ ਵੰਲਟੀਅਰ ਨੂੰ ਉਸਦਾ ਰਾਖਵਾ ਮਾਣਭੱਤਾ ਜਾਰੀ ਕੀਤਾ ਜਾਵੇਗਾ।

**III.** ਵੰਲੀਅਰ ਦੀ ਖੋਜ, ਨਿਯੁੱਕਤੀ ਅਤੇ ਹੋਰ ਸ਼ਰਤਾਂ ਪਹਿਲਾਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਹੀ ਹੋਣਗੀਆਂ।

**IV.** ਏਆਈਈ ਕੇਂਦਰ ਵਿਚ ਨਿਯੁੱਕਤ ਕੀਤੇ ਜਾਣ ਵਾਲੇ ਵਲੰਟੀਅਰ ਦੀ ਘੱਟੋ-ਘੱਟ ਵਿੱਦਿਅਕ ਯੋਗਤਾ 10+2 + ਈਟੀਟੀ ਨਿਸ਼ਚਿਤ ਕੀਤੀ ਜਾਵੇਗੀ ਜਿਸਨੂੰ ਕਿ ਪਹਿਲ ਦੇ ਤੌਰ ਤੇ ਤਰਜੀਹ ਦਿੱਤੀ ਜਾਵੇਗੀ। ਇਸ ਉਪਰੰਤ ਵਲੰਟੀਅਰ B.A. Bed., M.A. Med., M.A, B.A, 10+2 ਆਦਿ ਯੋਗਤਾ ਵਾਲਾ ਵੀ ਰੱਖਿਆ ਜਾ ਸਕਦਾ ਹੈ।

**ਇਹ ਵਿਸ਼ੇਸ਼ ਤੌਰ ਤੇ ਦੱਸਿਆ ਜਾਂਦਾ ਹੈ ਕਿ ਵੰਲਟੀਅਰ ਦੀ ਉਪਰੋਕਤ ਦੱਸੀ ਵਿੱਦਿਅਕ ਯੋਗਤਾ ਹੁਣ ਤੋਂ ਬਾਅਦ** (31/07/10) **ਭਰਤੀ ਕੀਤੇ ਜਾਣ ਵਾਲੇ ਵੰਲਟੀਅਰ/ ਖੋਲ੍ਹੇ ਜਾਣ ਵਾਲੇ ਕੇਂਦਰਾਂ ਲਈ ਹੈ।**

**V.** ਆਪ ਨੂੰ ਇਹ ਵੀ ਵਿਸ਼ੇਸ਼ ਤੌਰ ਤੇ ਲਿੱਖਿਆ ਜਾਂਦਾ ਹੈ ਕਿ ਮਿਤੀ 31/07/2010 ਤੱਕ ਖੋਲ੍ਹੇ ਗਏ ਕੇਂਦਰਾਂ ਅਤੇ ਉੱਥੇ ਨਿਯੁਕਤ ਕੀਤੇ ਗਏ ਵੰਲਟੀਅਰਜ਼ ਦੇ ਮੁਕੰਮਲ ਵੇਰਵੇ ਨਾਲ ਨੱਥੀ ਪ੍ਰੋਫਾਰਮੇ ਅਨੁਲੱਗ **`ੳ'** ਅਨੁਸਾਰ ਮਿਤੀ 15/08/10 ਤੱਕ ਇਸ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

**5.0** ਬਾਕੀ ਦਿਸ਼ਾ ਨਿਰਦੇਸ਼ ਇਸ ਦਫ਼ਤਰ ਦੇ ਪੱਤਰ ਨੰ: ਸਸਅ/ਡਿ.ਐਸ.ਪੀ.ਡੀ(ਕੇ)/ਓ.ਓ.ਐਸ.ਸੀ/ 2010-11/**31430-31449** ਮਿੱਤੀ ਚੰਡੀਗੜ੍ਹ: **1-04-2010** ਵਾਲੇ ਹੀ ਹੋਣਗੇ।

**6.0** ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

**4/08/10**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

ਅਨੁਲਗ `ੳ'

# ਸਾਲ 2010-11 ਦੌਰਾਨ ਏ.ਆਈ.ਈ ਕੇਂਦਰਾਂ ਵਿਚ ਨਿਯੁੱਕਤ ਕੀਤੇ ਗਏ ਵੰਲਟੀਅਰਾਂ ਦੀ ਰਿਕਾਰਡ ਸੂਚੀ

ਜ਼ਿਲ੍ਹਾ: – ________________

| ਲੜੀ ਨੰ: | ਏ.ਆਈ.ਈ ਵੰਲਟੀਅਰ ਦਾ ਨਾਂ | ਵੰਲਟੀਅਰ ਦੇ ਪਿਤਾ ਦਾ ਨਾਂ | ਵੰਲਟੀਅਰ ਦੀ ਜਨਮ ਮਿਤੀ | ਵੰਲਟੀਅਰ ਦੇ ਘਰ ਦਾ ਪੂਰਾ ਪਤਾ | ਏ.ਆਈ.ਈ ਵਲੰਟੀਅਰ ਦਾ ਮੋਬਾਇਲ ਨੰ: | ਵੰਲਟੀਅਰ ਦੇ ਕੇਂਦਰ ਦਾ ਪੂਰਾ ਪਤਾ ਬਲਾਕ ਸਮੇਤ | ਕੇਂਦਰ ਵਿਚ ਕਿੰਨੇ ਬੱਚੇ ਦਾਖਲ ਹਨ | ਵਲੰਟੀਅਰ ਦੇ 12ਵੀਂ'ਚ ਅੰਕਾ ਦਾ % | ਵੰਲਟੀਅਰ ਦੀ ਵੱਧ ਤੋਂ ਵੱਧ ਯੋਗਤਾ ਦਾ % | | | | ਵੰਲਟੀਅਰ ਕਿਸ ਸ਼੍ਰੈਣੀ ਨਾਲ ਸੰਬੰਧਤ ਹੈ। (SC, BC, Gen., etc.) | ਵੰਲਟੀਅਰ ਪਿਛਲੇ ਕਿੰਨੇ ਸਮੇਂ ਤੋਂ ਲਗਾਤਾਰ ਕੰਮ ਕਰ ਰਿਹਾ ਹੈ। (ਜੇਕਰ ਹਾਂ ਤਾਂ ਸੈਸ਼ਨ ਲਿੱਖਿਆ ਜਾਵੇ) | ਵਿਸ਼ੇਸ਼ ਕੱਥਨ |
|---|---|---|---|---|---|---|---|---|---|---|---|---|---|---|---|
| | | | | | | | | | B.A. | B.ed | M.A. | M.ed | | | |
| 1 | | | | | | | | | | | | | | | |
| 2 | | | | | | | | | | | | | | | |
| 3 | | | | | | | | | | | | | | | |
| 4 | | | | | | | | | | | | | | | |
| 5 | | | | | | | | | | | | | | | |
| 6 | | | | | | | | | | | | | | | |
| 7 | | | | | | | | | | | | | | | |
| 8 | | | | | | | | | | | | | | | |
| 9 | | | | | | | | | | | | | | | |
| 10 | | | | | | | | | | | | | | | |
| | | | | | | | | | | | | | | | |

..........................................

ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਹਸਤਾਖਰ